ਨਰਸਿੰਗ ਹੋਮ ਤਬਾਦਲਾ ਜਾਂ ਬਰਖਾਸਤਗੀ ਨੋਟਿਸ

Nursing Home Transfer or Discharge Notice

ਤਬਾਦਲੇ ਜਾਂ ਬਰਖਾਸਤਗੀ ਦਾ ਲਿਖਤੀ ਨੋਟਿਸ, ਅਤੇ ਜਾਣ ਦੇ ਕਾਰਨ, ਵਸਨੀਕ ਅਤੇ ਵਸਨੀਕ ਦੇ ਨੁਮਾਇੰਦੇ(ਆਂ) ਨੂੰ ਉਸ ਭਾਸ਼ਾ ਅਤੇ ਤਰੀਕੇ ਵਿੱਚ ਉਪਲਬਧ ਕਰਵਾਏ ਜਾਣੇ ਲਾਜ਼ਮੀ ਹਨ ਜੋ ਉਹ ਸਮਝਦੇ ਹਨ, ਤਬਾਦਲੇ ਜਾਂ ਬਰਖਾਸਤਗੀ ਤੋਂ ਘੱਟੋ-ਘੱਟ 30 ਦਿਨ ਪਹਿਲਾਂ, ਜਾਂ ਵਿਹਾਰਕ ਤੌਰ 'ਤੇ ਜਿੰਨੀ ਜਲਦੀ ਹੋ ਸਕੇ 42 CFR 483.15(c)(4)(ii) ਜਾਂ (8) 'ਤੇ ਕੋਈ ਛੋਟ ਲਾਗੂ 'ਤੇ। ਨਿਯਾਮਕ ਲੋੜਾਂ 42 CFR 483.15(c), RCW 74.42.450, WAC 388-97-0120, ਅਤੇ WAC 388-97-0140 'ਤੇ ਦੇਖਿਆ ਜਾਂ ਸਕਦੀਆਂ ਹਨ।

☐ **ਤਬਾਦਲਾ** ☐ **ਬਰਖਾਸਤਗੀ**

ਵਸਨੀਕ ਬਾਰੇ ਜਾਣਕਾਰੀ	
ਵਸਨੀਕ ਦਾ ਨਾਮ	ਫ਼ੋਨ ਨੰਬਰ (ਏਰੀਆ ਕੋਡ ਸ਼ਾਮਲ ਕਰੋ)
ਪਤਾ	
ਵਸਨੀਕ ਨੁਮਾਇੰਦੇ ਬਾਰੇ ਜਾਣਕਾਰੀ	
ਵਸਨੀਕ ਨੁਮਾਇੰਦੇ ਦਾ ਨਾਮ	ਫ਼ੋਨ ਨੰਬਰ (ਏਰੀਆ ਕੋਡ ਸ਼ਾਮਲ ਕਰੋ)
ਪਤਾ	ਵਸਨੀਕ ਨਾਲ ਰਿਸ਼ਤਾ
ਨਰਸਿੰਗ ਹੋਮ ਬਾਰੇ ਜਾਣਕਾਰੀ	
ਨਰਸਿੰਗ ਹੋਮ ਦਾ ਨਾਮ	ਫ਼ੋਨ ਨੰਬਰ (ਏਰੀਆ ਕੋਡ ਸ਼ਾਮਲ ਕਰੋ)
ਪਤਾ	
ਸੰਪਰਕਯੋਗ ਵਿਅਕਤੀ ਦਾ ਨਾਮ	ਸੰਪਰਕਯੋਗ ਫ਼ੋਨ ਨੰਬਰ (ਏਰੀਆ ਕੋਡ ਸ਼ਾਮਲ ਕਰੋ)
ਨੋਟਿਸ ਦਿੱਤੇ ਜਾਣ ਦੀ ਮਿਤੀ / ਪ੍ਰਭਾਵੀ ਮਿਤੀ	
ਨੋਟ: ਪ੍ਰਭਾਵੀ ਮਿਤੀ, ਨੋਟਿਸ ਦਿੱਤੇ ਜਾਣ ਦੀ ਮਿਤੀ ਤੋਂ ਘੱਟੋ-ਘੱਟ 30 ਦਿਨ ਬਾਅਦ ਹੋਣੀ ਚਾਹੀਦੀ ਹੈ, ਜਦੋਂ ਤੱਕ ਕਿ 42 CFR 483.15(c)(4)(ii)ਜਾਂ (8) 'ਤੇ ਕੋਈ ਛੋਟ ਲਾਗੂ ਨਹੀਂ ਹੁੰਦੀ। ਵਸਨੀਕ ਪ੍ਰਭਾਵੀ ਮਿਤੀ ਤੋਂ ਪਹਿਲਾਂ ਜਾਣ (move) ਦੀ ਚੋਣ ਕਰ ਸਕਦਾ ਹੈ।	
ਨੋਟਿਸ ਦਿੱਤੇ ਜਾਣ ਦੀ ਮਿਤੀ	ਪ੍ਰਭਾਵੀ ਮਿਤੀ (ਬਰਖਾਸਤਗੀ ਦੀ ਮਿਤੀ)
ਉਹ ਸਥਾਨ ਜਿੱਥੇ ਵਸਨੀਕ ਦਾ ਤਬਾਦਲਾ ਜਾਂ ਬਰਖਾਸਤਗੀ ਹੋ ਰਿਹਾ/ਰਹੀ ਹੈ (ਲੋੜੀਂਦਾ)	
ਨਾਮ	ਫ਼ੋਨ ਨੰਬਰ (ਏਰੀਆ ਕੋਡ ਸ਼ਾਮਲ ਕਰੋ)
ਪਤਾ	

ਬਰਖਾਸਤਗੀ ਜਾਂ ਤਬਾਦਲੇ ਦਾ ਕਾਰਨ

ਨੋਟ: ਸਹੂਲਤ ਨੂੰ ਹਰੇਕ ਵਸਨੀਕ ਨੂੰ ਸਹੂਲਤ ਵਿੱਚ ਰਹਿਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ, ਅਤੇ ਵਸਨੀਕ ਦਾ ਤਬਾਦਲਾ ਜਾਂ ਬਰਖਾਸਤਗੀ ਨਹੀਂ ਕਰਨਾ/ਕਰਨੀ ਚਾਹੀਦਾ/ਚਾਹੀਦੀ, ਜਦੋਂ ਤੱਕ ਕਿ ਹੇਠਾਂ ਦਿੱਤਿਆਂ ਵਿੱਚੋਂ ਕੋਈ ਇੱਕ ਸਹੀ ਨਾ ਹੋਵੇ।

- ☐ ਵਸਨੀਕ ਦੀ ਭਲਾਈ (welfare) ਲਈ ਤਬਾਦਲਾ ਜਾਂ ਬਰਖਾਸਤਗੀ ਜ਼ਰੂਰੀ ਹੈ ਅਤੇ ਵਸਨੀਕ ਦੀਆਂ ਜ਼ਰੂਰਤਾਂ ਇਸ ਸਹੂਲਤ ਵਿੱਚ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ।
- ☐ ਤਬਾਦਲਾ ਜਾਂ ਬਰਖਾਸਤਗੀ ਉਚਿਤ ਹੈ ਕਿਉਂਕਿ ਵਸਨੀਕ ਦੀ ਸਿਹਤ ਵਿੱਚ ਕਾਫ਼ੀ ਸੁਧਾਰ ਹੋਇਆ ਹੈ ਤਾਂ ਜੋ ਵਸਨੀਕ ਨੂੰ ਹੁਣ ਸਹੂਲਤ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਦੀ ਲੋੜ ਨਹੀਂ ਹੈ।
- ☐ ਵਸਨੀਕ ਦੀ ਕਲੀਨਿਕਲ ਜਾਂ ਵਿਵਹਾਰਕ ਸਥਿਤੀ (clinical or behavioral status) ਕਾਰਨ ਇਸ ਸਹੂਲਤ ਵਿੱਚ ਮੌਜੂਦ ਹੋਰ ਵਿਅਕਤੀਆਂ ਦੀ ਸੁਰੱਖਿਆ ਖਤਰੇ ਵਿੱਚ ਹੈ।
- ☐ ਸਹੂਲਤ ਵਿੱਚ ਮੌਜੂਦ ਹੋਰ ਵਿਅਕਤੀਆਂ ਦੀ ਸਿਹਤ ਹੋਰ ਕਿਸੇ ਤਰ੍ਹਾਂ ਖ਼ਤਰੇ ਵਿੱਚ ਪੈ ਜਾਵੇਗੀ।
- ☐ ਵਸਨੀਕ, ਵਾਜਬ ਅਤੇ ਉਚਿਤ ਨੋਟਿਸ ਦੇ ਬਾਅਦ, ਇਸ ਸਹੂਲਤ ਵਿੱਚ ਰਹਿਣ ਲਈ ਭੁਗਤਾਨ ਕਰਨ ਵਿੱਚ (ਜਾਂ ਮੈਡੀਕੇਅਰ (Medicare) ਜਾਂ ਮੈਡੀਕੇਡ (Medicaid) ਦੇ ਤਹਿਤ ਭੁਗਤਾਨ ਕਰਵਾਉਣ ਵਿੱਚ) ਅਸਫਲ ਰਿਹਾ ਹੈ।
- ☐ ਇਹ ਸਹੂਲਤ ਬੰਦ ਹੋ ਰਹੀ ਹੈ।

ਕਿਰਪਾ ਕਰਕੇ ਇਸ ਕਾਰਵਾਈ ਦਾ ਸਮਰਥਨ ਕਰਨ ਲਈ ਸੰਖੇਪ ਵਿਆਖਿਆ ਪ੍ਰਦਾਨ ਕਰੋ। ਜੇਕਰ ਲੋੜ ਹੋਵੇ ਤਾਂ ਵਾਧੂ ਦਸਤਾਵੇਜ਼ ਨੱਥੀ ਕਰੋ।

ਸਹਾਇਤਾ ਲਈ ਬੇਨਤੀ ਕਰਨਾ: ਜੇਕਰ ਬੇਨਤੀ ਕੀਤੀ ਜਾਂਦੀ ਹੈ, ਤਾਂ ਸਹੂਲਤ ਨੂੰ ਅਗਲੇ ਪੰਨੇ 'ਤੇ ਦਿੱਤੀਆਂ ਸੰਸਥਾਵਾਂ ਨਾਲ ਸੰਪਰਕ ਕਰਨ ਲਈ ਲੋੜੀਂਦੀ ਸਹਾਇਤਾ ਕਰਨੀ ਹੋਵੇਗੀ ਅਤੇ/ਜਾਂ ਜੇਕਰ ਤੁਸੀਂ ਤਬਾਦਲੇ ਜਾਂ ਬਰਖਾਸਤਗੀ ਨਾਲ ਅਸਹਿਮਤ ਹੋ ਤਾਂ ਇਸ ਫੈਸਲੇ ਵਿਰੁੱਧ ਅਪੀਲ ਕਰਨ ਲਈ ਬੇਨਤੀ ਕਰਨ ਦੀ ਲੋੜ ਹੋਵੇਗੀ। ਕਿਰਪਾ ਕਰਕੇ ਉੱਪਰ ਨਰਸਿੰਗ ਹੋਮ ਦੇ ਸੰਪਰਕਯੋਗ ਵਿਅਕਤੀ ਦਾ ਨਾਮ ਅਤੇ ਫ਼ੋਨ ਨੰਬਰ ਦੇਖੋ।

ਅਪੀਲ ਸੰਬੰਧੀ ਅਧਿਕਾਰ:

- ਤੁਹਾਡੇ ਕੋਲ ਵਾਸ਼ਿੰਗਟਨ ਸਟੇਟ ਆਫਿਸ ਆਫ ਐਡਮਿਨਿਸਟ੍ਰੇਟਿਵ ਹੀਅਰਿੰਗਜ਼ (Washington State Office of Administrative Hearings) ਨੂੰ ਸੁਣਵਾਈ ਲਈ ਬੇਨਤੀ ਕਰਕੇ ਇਸ ਬਰਖਾਸਤਗੀ ਜਾਂ ਤਬਾਦਲੇ ਵਿਰੁੱਧ ਅਪੀਲ ਕਰਨ ਦਾ ਅਧਿਕਾਰ ਹੈ। ਸੁਣਵਾਈ ਲਈ ਤੁਹਾਡੀ ਬੇਨਤੀ ਇਸ ਨੋਟਿਸ ਨੂੰ ਪ੍ਰਾਪਤ ਕਰਨ ਦੀ ਮਿਤੀ ਤੋਂ 90 ਦਿਨਾਂ ਤੱਕ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ।
- ਜੇਕਰ ਤੁਸੀਂ ਅਪੀਲ ਕਰਨ ਦਾ ਫੈਸਲਾ ਕਰਦੇ ਹੋ, ਤਾਂ ਤੁਸੀਂ ਵਿਅਕਤੀਗਤ ਤੌਰ 'ਤੇ, ਟੈਲੀਫੋਨ / ਵੌਇਸ ਮੇਲ ਦੁਆਰਾ ਜਾਂ ਲਿਖਤੀ ਰੂਪ ਵਿੱਚ ਸੁਣਵਾਈ ਦੀ ਬੇਨਤੀ ਕਰ ਸਕਦੇ ਹੋ। ਤੁਸੀਂ ਅਪੀਲ ਦੀ ਬੇਨਤੀ ਕਰਨ ਲਈ ਨੱਥੀ ਫਾਰਮ (DSHS 10-238, ਪ੍ਰਬੰਧਕੀ ਸੁਣਵਾਈ ਲਈ ਬੇਨਤੀ) ਦੀ ਵਰਤੋਂ ਕਰ ਸਕਦੇ ਹੋ ਪਰ ਅਜਿਹਾ ਕਰਨ ਦੀ ਲੋੜ ਨਹੀਂ ਹੈ (ਲਾਜ਼ਮੀ ਨਹੀਂ ਹੈ)।
- **ਤੁਹਾਡੇ ਕੋਲ ਅਪੀਲ ਦਾ ਫੈਸਲਾ ਹੋਣ ਤੱਕ ਸਹੂਲਤ ਵਿੱਚ ਰਹਿਣ ਦਾ ਅਧਿਕਾਰ ਹੈ, ਬਸ਼ਰਤੇ ਕਿ ਸੁਣਵਾਈ ਦੀ ਬੇਨਤੀ ਤਬਾਦਲੇ / ਬਰਖਾਸਤਗੀ ਦੀ ਪ੍ਰਸਤਾਵਿਤ ਮਿਤੀ ਨੂੰ ਜਾਂ ਇਸ ਤੋਂ ਪਹਿਲਾਂ, ਜਾਂ ਜਿਸ ਦਿਨ ਤੁਹਾਡਾ ਅਸਲ ਵਿੱਚ ਤਬਾਦਲਾ / ਬਰਖਾਸਤਗੀ ਹੋਣੀ ਹੈ, 'ਤੇ ਪ੍ਰਾਪਤ ਹੋ ਜਾਵੇ।** ਛੋਟ (Exception): ਜੇਕਰ ਸਹੂਲਤ ਤੋਂ ਤੁਹਾਨੂੰ ਬਰਖਾਸਤਗੀ ਜਾਂ ਤਬਾਦਲਾ <u>ਨਾ</u> ਕਰਨ ਨਾਲ ਤੁਹਾਡੀ ਸਿਹਤ ਜਾਂ ਸੁਰੱਖਿਆ, ਜਾਂ ਸਹੂਲਤ ਵਿੱਚ ਮੌਜੂਦ ਹੋਰ ਵਿਅਕਤੀਆਂ ਦੀ ਸਿਹਤ ਜਾਂ ਸੁਰੱਖਿਆ ਨੂੰ ਖ਼ਤਰਾ ਪੈਦਾ ਹੁੰਦਾ ਹੈ, ਤਾਂ ਤੁਹਾਨੂੰ ਬਰਖਾਸਤ ਜਾਂ ਤੁਹਾਡਾ ਤਬਾਦਲਾ ਕੀਤਾ ਜਾ ਸਕਦਾ ਹੈ। ਪ੍ਰਸਤਾਵਿਤ ਬਰਖਾਸਤਗੀ / ਤਬਾਦਲੇ ਦੀ ਮਿਤੀ ਇਸ ਨੋਟਿਸ ਦੇ ਪਹਿਲੇ ਪੰਨੇ 'ਤੇ ਹੈ।
- ਜੇਕਰ ਤੁਸੀਂ ਅਪੀਲ ਨਹੀਂ ਕਰਦੇ, ਤਾਂ ਨਰਸਿੰਗ ਸਹੂਲਤ ਤੁਹਾਡੇ ਤਬਾਦਲੇ ਜਾਂ ਬਰਖਾਸਤਗੀ ਦੀ ਕਾਰਵਾਈ ਨੂੰ ਅੱਗੇ ਵਧਾ ਸਕਦੀ ਹੈ।
- ਜੇਕਰ ਸੁਣਵਾਈ ਦੌਰਾਨ ਫੈਸਲਾ ਨਰਸਿੰਗ ਸਹੂਲਤ ਦੇ ਫੈਸਲੇ ਦਾ ਸਮਰਥਨ ਕਰਦਾ ਹੈ (ਤੁਸੀਂ ਅਪੀਲ ਹਾਰ ਜਾਂਦੇ ਹੋ), ਤਾਂ ਨਰਸਿੰਗ ਸਹੂਲਤ ਫੈਸਲੇ ਨੂੰ ਬਰਕਰਾਰ ਰੱਖਣ ਵਾਲੇ ਅੰਤਿਮ ਹੁਕਮ ਦੇ ਦਰਜ ਹੋਣ ਦੇ 30 ਦਿਨਾਂ ਬਾਅਦ ਤੁਹਾਡੇ ਤਬਾਦਲੇ ਜਾਂ ਬਰਖਾਸਤਗੀ ਦੀ ਕਾਰਵਾਈ ਕਰ ਸਕਦੀ ਹੈ।
- ਜੇਕਰ ਬਰਖਾਸਤਗੀ / ਤਬਾਦਲੇ ਨੂੰ ਬਰਕਰਾਰ ਨਹੀਂ ਰੱਖਿਆ ਜਾਂਦਾ (ਤੁਸੀਂ ਅਪੀਲ ਜਿੱਤ ਜਾਂਦੇ ਹੋ), ਅਤੇ ਤੁਸੀਂ ਹੁਣ ਸਹੂਲਤ ਵਿੱਚ ਨਹੀਂ ਹੋ, ਤਾਂ ਤੁਹਾਡੇ ਕੋਲ ਸੈਮੀ-ਪ੍ਰਾਈਵੇਟ ਕਮਰੇ ਵਿੱਚ ਪਹਿਲਾ ਬੈੱਡ ਉਪਲਬਧ ਹੋਣ 'ਤੇ ਤੁਰੰਤ ਸਹੂਲਤ ਵਿੱਚ ਦੁਬਾਰਾ ਦਾਖਲ ਹੋਣ (readmission) ਦਾ ਅਧਿਕਾਰ ਹੈ, ਬਸ਼ਰਤੇ ਤੁਹਾਨੂੰ ਸਹੂਲਤ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਦੀ ਲੋੜ ਹੋਵੇ ਅਤੇ ਤੁਸੀਂ ਉਨ੍ਹਾਂ ਲਈ ਯੋਗ ਹੋਵੋ।

ਸੁਣਵਾਈ ਦੀਆਂ ਬੇਨਤੀਆਂ ਇੱਥੇ ਭੇਜੋ: OFFICE OF ADMINISTRATIVE HEARINGS
PO BOX 42489
OLYMPIA WA 98504-2489
ਟੈਲੀਫੋਨ ਨੰਬਰ: 1-800-583-8271 ਫੈਕਸ (FAX): (360) 586-6563

ਵਾਸ਼ਿੰਗਟਨ ਸਟੇਟ ਓਮਬਡਸ (Washington State Ombuds):

ਵਾਸ਼ਿੰਗਟਨ ਸਟੇਟ ਲੌਂਗ-ਟਰਮ ਕੇਅਰ ਓਮਬਡਸਮੈਨ ਪ੍ਰੋਗਰਾਮ (Washington State Long-Term Care Ombudsman Program) ਇਸ ਨੋਟਿਸ ਅਤੇ ਹੋਰ ਮੁੱਦਿਆਂ ਬਾਰੇ ਸਵਾਲਾਂ ਦੇ ਜਵਾਬ ਦੇਣ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਉਪਲਬਧ ਹੈ। ਵਿਅਕਤੀਗਤ "LTC ਓਮਬਡਸ (LTC Ombuds)" ਦੇ ਕੰਮ ਦੁਆਰਾ, ਓਮਬਡਸਮੈਨ ਪ੍ਰੋਗਰਾਮ LTC ਸਹੂਲਤਾਂ ਵਿੱਚ ਰਹਿਣ ਵਾਲੇ ਵਸਨੀਕਾਂ ਦੇ ਕਾਨੂੰਨੀ ਅਧਿਕਾਰਾਂ ਦੀ ਰੱਖਿਆ ਅਤੇ ਪ੍ਰਚਾਰ ਕਰਦਾ ਹੈ। ਓਮਬਡਸਮੈਨ ਪ੍ਰੋਗਰਾਮ ਰਾਜ ਸਰਕਾਰ ਦਾ ਹਿੱਸਾ ਨਹੀਂ ਹੈ ਅਤੇ ਕਿਸੇ ਵੀ ਲੰਬੀ ਮਿਆਦ ਦੀ ਦੇਖਭਾਲ (long-term care) ਸਹੂਲਤਾਂ ਨਾਲ ਸਬੰਧਤ ਨਹੀਂ ਹੈ। ਜੇਕਰ ਤੁਸੀਂ LTC ਓਮਬਡਸ ਤੋਂ ਸਹਾਇਤਾ ਦੀ ਬੇਨਤੀ ਕਰਨਾ ਚਾਹੁੰਦੇ ਹੋ, ਤਾਂ 1-800-562-6028 'ਤੇ ਟੋਲ-ਫ੍ਰੀ ਕਾਲ ਕਰੋ। ਤੁਸੀਂ (253) 815-8173 'ਤੇ ਫੈਕਸ, ltcop@mschelps.org 'ਤੇ ਈਮੇਲ ਜਾਂ PO Box 23699, Federal Way, WA 98093-0699 'ਤੇ ਡਾਕ ਦੁਆਰਾ ਵੀ ਆਪਣੀ ਬੇਨਤੀ ਲਿਖਤੀ ਰੂਪ ਵਿੱਚ ਕਰ ਸਕਦੇ ਹੋ।

ਡਿਸਏਬਿਲਟੀ ਰਾਈਟਸ ਵਾਸ਼ਿੰਗਟਨ (Disability Rights Washington):

ਜੇਕਰ ਤੁਹਾਡਾ ਮਾਨਸਿਕ ਬਿਮਾਰੀ ਜਾਂ ਬੌਧਿਕ ਅਪੰਗਤਾ (Intellectual disability) ਦਾ ਨਿਦਾਨ (diagnosis) ਹੋਇਆ ਹੈ, ਤਾਂ ਤੁਸੀਂ ਇਸ ਫੈਸਲੇ ਦੀ ਅਪੀਲ ਵਿੱਚ ਸਹਾਇਤਾ ਲਈ ਡਿਸਏਬਿਲਟੀ ਰਾਈਟਸ ਵਾਸ਼ਿੰਗਟਨ ਨਾਲ 1-800-562-2702, ਜਾਂ (206) 324-1521 'ਤੇ ਟੋਲ-ਫ੍ਰੀ ਸੰਪਰਕ ਕਰ ਸਕਦੇ ਹੋ। ਤੁਸੀਂ (206) 957-0729 'ਤੇ ਫੈਕਸ, info@dr-wa.org 'ਤੇ ਈਮੇਲ ਜਾਂ Disability Rights Washington, 315 5th Avenue S, Suite 850, Seattle, WA, 98104 'ਤੇ ਡਾਕ ਦੁਆਰਾ ਵੀ ਆਪਣੀ ਬੇਨਤੀ ਲਿਖਤੀ ਰੂਪ ਵਿੱਚ ਕਰ ਸਕਦੇ ਹੋ।

ਸਹੂਲਤ ਪ੍ਰਬੰਧਕ / ਮਨੋਨੀਤ ਵਿਅਕਤੀ (Designee)

ਕਿਰਪਾ ਕਰਕੇ ਲਾਗੂ ਹੁੰਦੇ ਸਾਰਿਆਂ 'ਤੇ ਨਿਸ਼ਾਨ ਲਗਾਓ:

☐ ਵਸਨੀਕ ਨੂੰ ਹਸਪਤਾਲ ਵਿੱਚ ਭੇਜਣ ਕਰਨ ਤੋਂ ਪਹਿਲਾਂ, 42 CFR 483.15(d) ਅਤੇ WAC 388-97-0120(4) ਦੀਆਂ ਲੋੜਾਂ ਦੀ ਪਾਲਣਾ ਕਰਦੇ ਹੋਏ, ਵਸਨੀਕ ਅਤੇ ਵਸਨੀਕ ਦੇ ਨੁਮਾਇੰਦੇ(ਆਂ) ਨੂੰ ਸਹੂਲਤ ਦੀ ਬੈੱਡ-ਹੋਲਡ (bed-hold) ਨੀਤੀ ਦਾ ਲਿਖਤੀ ਨੋਟਿਸ ਪ੍ਰਦਾਨ ਕੀਤਾ ਗਿਆ ਸੀ।

☐ ਮਿਤੀ ______________, ਸੰਘੀ ਅਤੇ ਰਾਜ ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ, ਇਸ ਦਸਤਾਵੇਜ਼ ਦੀਆਂ ਕਾਪੀਆਂ, ਲਾਜ਼ਮੀ ਅਟੈਚਮੈਂਟ DSHS 10-238, ਅਤੇ ਸਾਰੀਆਂ ਵਿਕਲਪਿਕ ਅਟੈਚਮੈਂਟਾਂ ਵਸਨੀਕ, ਵਸਨੀਕ ਦੇ ਨੁਮਾਇੰਦੇ(ਆਂ), ਸਟੇਟ LTC ਓਮਬਡਸਮੈਨ ਦੇ ਦਫ਼ਤਰ, ਅਤੇ DSHS ਨੂੰ ਪ੍ਰਦਾਨ ਕੀਤੀਆਂ ਗਈਆਂ ਸਨ।

ਨੋਟਿਸ ਕਿਸ ਦੁਆਰਾ ਦਿੱਤਾ ਗਿਆ:		
ਨਰਸਿੰਗ ਹੋਮ ਪ੍ਰਬੰਧਕ / ਮਨੋਨੀਤ ਵਿਅਕਤੀ ਦੇ ਦਸਤਖਤ	ਮਿਤੀ	ਸਾਫ-ਸਾਫ ਅੱਖਰਾਂ ਵਿੱਚ ਨਾਮ

ਨੋਟਿਸ ਕਿਸ ਨੂੰ ਦਿੱਤਾ ਗਿਆ:			
ਵਸਨੀਕ ਦਾ ਸਾਫ-ਸਾਫ ਅੱਖਰਾਂ ਵਿੱਚ ਨਾਮ	ਮਿਤੀ	ਵਸਨੀਕ ਨੁਮਾਇੰਦੇ ਦਾ ਸਾਫ-ਸਾਫ ਅੱਖਰਾਂ ਵਿੱਚ ਨਾਮ	ਮਿਤੀ